

ਪਰਮੇਸ਼ਵਰ ਦੇ ਨਾਲ ਸਵਰਗ ਵਿੱਚ ਆਂਸੂ ਨਹੀ ਹਨ। ਕਦੀ-ਕਦੀ ਪਰਮੇਸ਼ਵਰ ਦੇ ਲੋਕ ਰੋਂਦੇ ਹਨ, ਕਿਉਂਕਿ ਉਨ੍ਹਾਂ ਦੀ ਜਿੰਦਗੀ ਵਿੱਚ ਵੱਡੇ ਦੁੱਖ ਹਨ। ਸਵਰਗ ਵਿੱਚ ਪਰਮੇਸ਼ਵਰ ਉਨ੍ਹਾਂ ਦੇ ਸਾਰੇ ਹੰਝੂਆਂ ਨੂੰ ਪੂੰਝ ਦੇਵੇਗਾ।

19

ਸਵਰਗ ਦੇ ਵਿੱਚ ਮੌਤ ਨਹੀ ਹੈ, ਪਰ ਪਰਮੇਸ਼ਵਰ ਦੇ ਲੋਕ ਹਮੇਸ਼ਾ ਯਹੋਵਾ ਦੇ ਨਾਲ ਰਹਿਣਗੇ। ਉਥੇ ਨਾ ਹੀ ਹੋਰ ਦੁੱਖ, ਨਾ ਹੋਰ ਰੋਣਾਂ, ਨਾਂ ਹੋਰ ਦਰਦ, ਨਾ ਬਿਮਾਰੀ, ਨਾ ਵਿਦਾਇਗੀ, ਨਾ ਅੰਤਿਮ ਸੰਸਕਾਰ। ਪਰਮੇਸ਼ਵਰ ਦੇ ਨਾਲ ਹਰ ਕੋਈ ਸਵਰਗ ਵਿੱਚ ਖੁਸ਼ ਹੈ।



20

# ਸਵਰਗ, ਪਰਮੇਸ਼ਵਰ ਦਾ ਸੁੰਦਰ ਘਰ



ਹਰ ਇੱਕ ਲਈ ਸਭ ਤੋ ਵਧੀਆਂ, ਸਵਰਗ ਲੜਕੇ ਅਤੇ ਲੜਕੀਆਂ ਲਈ ਹੈ ਅਤੇ ਵੱਡਿਆਂ ਲਈ ਵੀ ਜਿਹੜੇ ਯਿਸੂ ਮਸੀਹ ਤੇ ਵਿਸ਼ਵਾਸ਼ ਕਰਦੇ ਹਨ ਕਿ ਉਹ ਸਾਡਾ ਮੁਕਤੀਦਾਤਾ ਹੈ ਅਤੇ ਆਪਣੇ ਯਹੋਵਾ ਦੀ ਆਗਿਆ ਦਾ ਪਾਲਣ ਕਰਦੇ ਹਨ।




21

ਸਵਰਗ ਵਿੱਚ ਇੱਕ ਕਿਤਾਬ ਹੈ ਜਿਸ ਨੂੰ ਲੇਲੇ ਦੇ ਜੀਵਨ ਦੀ ਕਿਤਾਬ ਕਹਿੰਦੇ ਹਨ, ਉਹ ਲੋਕਾਂ ਦੇ ਨਾਵਾ ਨਾਂਲ ਭਰੀ ਹੈ। ਕੀ ਤੁਸੀ ਜਾਣਦੇ ਹੋ ਕਿ ਕਿਸਦੇ ਨਾ ਉਥੇ ਲਿਖੇ ਹਨ? ਉਹਨਾਂ ਸਾਰਿਆਂ ਲੋਕਾਂ ਦੇ ਜਿਹੜੇ ਯਿਸੂ ਤੇ ਭਰੋਸਾ ਕਰਦੇ ਹਨ। ਕੀ ਤੁਹਾਡਾ ਨਾਮ ਉਥੇ ਹੈ?




22

ਬਾਈਬਲ ਵਿੱਚ ਸਵਰਗ ਬਾਰੇ ਜੋ ਆਖਰੀ ਸ਼ਬਦ ਹੈ ਉਸ ਵਿੱਚ ਅਦਭੁੱਤ ਨਿਉਤਾ ਹੈ, ਆਤਮਾ ਅਤੇ ਦੁਲਹਨ ਆਖਦੀ ਹੈ ਆਉ ! ਜਿਹੜਾ ਤਿਹਾਇਆ ਹੋਵੇ ਉਹ ਆਵੇ। ਜਿਹੜਾਂ ਚਾਹੇ ਅਮ੍ਰਿਤ ਜਲ ਮੁਫ਼ਤ ਲਵੇ।




23

ਸਵਰਗ, ਪਰਮੇਸ਼ਵਰ ਦਾ ਸੁੰਦਰ ਘਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਹੂੰਨਾ ਦੀ ਇੰਜੀਲ 14; 2 ਕੁਰਿੰਥੀਆਂ ਨੂੰ 5;
ਪ੍ਰਕਾਸ਼ ਦੀ ਪੋਥੀ 4, 21, 22

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Sarah S.

ਕਹਾਣੀ 60 ਤੋ 60

**M1914.org**

**Bible for Children, PO Box 3, Winnipeg MB R3C 2G1 Canada**

ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ, ਆਮੀਨ। ਯਹੂੰਨਾ ਦੀ ਇੰਜੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।

ਪੰਜਾਬੀ

Punjabi

ਜਦ ਯਿਸੂ ਧਰਤੀ ਤੇ ਰਹਿੰਦਾ ਸੀ ਉਸਨੇ ਆਪਣੇ ਚੇਲਿਆਂ ਨੂੰ ਸਵਰਗ ਦੇ ਬਾਰੇ ਦੱਸਿਆਂ। ਉਹ ਉਸਨੂੰ ਮੇਰੇ ਪਿਤ੍ਹਾ ਦਾ ਘਰ ਕਹਿੰਦਾ ਸੀ। ਅਤੇ ਕਿਹਾ ਉਥੇ ਬਹੁਤ ਸਾਰੇ ਭਵਨ ਹਨ। ਇਹ ਭਵਨ ਬਹੁਤ ਵੱਡੇ ਅਤੇ ਸੁੰਦਰ ਘਰ ਹਨ। ਸਵਰਗ ਬਹੁਤ ਵੱਡਾ ਅਤੇ ਧਰਤੀ ਦੇ ਸਾਰੇ ਘਰਾਂ ਨਾਲੋ ਬਹੁਤ ਖੂਬਸੂਰਤ ਹੈ।



1

ਯਿਸੂ ਨੇ ਕਿਹਾ "ਮੈ ਤੁਹਾਡੇ ਲਈ ਜਗ੍ਹਾਂ ਤਿਆਰ ਕਰਨ ਜਾ ਰਿਹਾ ਹਾਂ। ਅਤੇ ਜੇਕਰ ਮੈ ਜਾ ਕੇ ਤੁਹਾਡੇ ਲਈ ਜਗ੍ਹਾ ਤਿਆਰ ਕਰਾਗਾ, ਮੈ ਫ਼ਿਰ ਆਵਾਗਾ ਅਤੇ ਮੈ ਆਪ ਤੁਹਾਨੂੰ ਸਵਿਕਾਰ ਕਰਾਗਾ।"



2


ਮੁਰਦਿਆਂ ਵਿੱਚੋ ਜੀ ਉਠਣ ਦੇ ਬਾਅਦ ਯਿਸੂ ਸਵਰਗ ਨੂੰ ਗਿਆ। ਜਦ ਉਸਦੇ ਚੇਲੇ ਦੇਖ ਰਹੇ ਸਨ। ਯਿਸੂ ਉਪਰ ਉਠਾ ਲਿਆ ਗਿਆ। ਉਹਨਾਂ ਦੀਆਂ ਨਜ਼ਰਾਂ ਤੋ ਬੱਦਲਾਂ ਨੇ ਉਸਨੂੰ ਅੰਦਰ ਲੈ ਲਿਆ।
3
ਤਦ ਤੋ, ਇਸਾਈ ਲੋਕ ਯਿਸੂ ਦੇ ਇਸ ਵਾਇਦੇ ਨੂੰ ਯਾਦ ਰੱਖਦੇ ਹਨ। ਕਿਉ ਕਿ ਉਹ ਆਵੇਗਾ ਅਤੇ ਸਾਨੂੰ ਲੈ ਜਾਵੇਗਾ। ਯਿਸੂ ਨੇ ਕਿਹਾ ਮੈ ਅਚਾਨਕ ਆਵਾਗਾ, ਜਦ ਉਸ ਦਾ ਵਿਸਤਾਰ ਵਿੱਚ ਇੰਤਜ਼ਾਰ ਹੋਵੇਗਾ।
ਯਹੋਵਾਹ ਦੇ ਨਾਲ ਉਪਸਥਿਤ ਹੋਣਾ।
4
ਪਰ ਉਨ੍ਹਾਂ ਇਸਾਈ ਲੋਕਾਂ ਦਾ ਕੀ ਜਿਹੜੇ ਉਸਦੇ ਆਉਣ ਤੋ ਪਹਿਲਾ ਮਰ ਗਏ ਹਨ। ਬਾਈਬਲ ਆਖਦੀ ਹੈ ਉਹ ਸਿੱਧੇ ਯਿਸੂ ਦੇ ਨਾਲ ਜਾਣਗੇ। ਉਹ ਸਰੀਰ ਵਿੱਚ ਨਾ ਹੁੰਦੇ ਹੋਏ ਵੀ ਯਹੋਵਾ ਨਾਲ ਮੌਜੂਦ ਹੋਣਗੇ।
ਯਹੋਵਾਹ ਦੇ ਨਾਲ ਉਪਸਥਿਤ ਹੋਣਾ।
5
ਬਾਈਬਲ ਦੇ ਵਿੱਚ ਆਖਰੀ ਕਿਤਾਬ, ਪ੍ਰਕਾਸ਼ ਦੀ ਪੋਥੀ ਦੱਸਦੀ ਹੈ ਕਿ ਸਵਰਗ ਕਿੰਨਾ ਸੁੰਦਰ ਹੈ। ਇੱਕ ਖਾਸ ਤਰੀਕੇ ਨਾਲ ਸਭ ਤੋ ਜਿਆਦਾ ਅਨੋਖੀ ਚੀਜ਼ ਇਹ ਹੈ ਕਿ ਸਵਰਗ ਪਰਮੇਸ਼ਵਰ ਦਾ ਘਰ ਹੈ। ਪਰਮੇਸ਼ਵਰ ਹਰ ਜਗਾ ਹੈ। ਪਰ ਉਸ ਦਾ ਰਾਜ਼-ਸਿੰਘਾਸਣ ਸਵਰਗ ਹੈ।
6
ਸਵਰਗ ਦੂਤ ਅਤੇ ਬਾਕੀ ਸਵਰਗੀ ਹੋਂਦ ਪਰਮੇਸ਼ਵਰ ਦੀ ਉਪਾਸਨਾ ਸਵਰਗ ਵਿੱਚ ਕਰਦੇ ਹਨ। ਇਸ ਕਰਕੇ ਸਾਰੇ ਪਰਮੇਸ਼ਵਰਰ ਦੇ ਲੋਕ ਜਿਹੜੇ ਮਰ ਗਏ ਹਨ ਅਤੇ ਸਵਰਗ ਚਲੇ ਗਏ ਹਨ। ਉਹ ਪਰਮੇਸ਼ਵਰ ਦੀ ਸਤੂਤੀ ਲਈ ਵਿਸ਼ੇਸ਼ ਗਾਣਾ ਗਾਉਂਦੇ ਹਨ।
7
ਉਹ ਗੀਤ ਗਾਉਂਦੇ ਹਨ ਇਹ ਉਸ ਵਿਚੋ ਕੁੱਝ ਸ਼ਬਦ ਹਨ, ਤੁਸੀ ਸਤਿਕਾਰ ਯੋਗ ਹੋ ਕਿਉ ਜੋ ਤੁਸੀ ਉਨ੍ਹਾਂ ਨੂੰ ਸਾਡੇ ਪਰਮੇਸ਼ਵਰ ਲਈ ਆਪਣੇ ਲਹੂ ਨਾਲ ਹਰੇਕ ਗੋਤ ਅਤੇ ਕੌਮਾਂ ਤੋ ਬਾਹਰ …
8
… ਕੱਢ ਕੇ ਮੁਕਤ ਕਰਾਂਉਣ ਯੋਗ ਬਣਾਇਆ ਅਤੇ ਸਾਡੇ ਪਰਮੇਸ਼ਵਰ ਲਈ ਪਾਤਸ਼ਾਹ ਅਤੇ ਯਾਜਕ ਬਣਾਇਆ। ਪ੍ਰਕਾਸ਼ ਦੀ ਪੋਥੀ 5:9
9
ਬਾਈਬਲ ਦਾ ਸਭ ਤੋ ਆਖਰੀ ਪੰਨਾ ਇਹ ਵਰਣਨ ਕਰਦਾ ਹੈ ਕਿ ਸਵਰਗ “ਨਵੇ ਯਰੂਸ਼ਲਮ ਜੈਸਾ ਹ” ਉਹ ਬਹੁਤ ਵੱਡਾ, ਉਸਦੇ ਬਾਹਰ ਵਾਰ ਬਹੁਤ ਉਚੀ ਕੰਧ ਹੈ। ਉਸ ਦੀ ਕੰਧ ਦੇ ਰੰਗਦਾਰ ਹੀਰੇ ਰੂਪੀ ਪੱਥਰ, ਵਧੀਆਂ ਸ਼ੀਸ਼ੇ ਵਾਗੂੰ ਸਪੱਸ਼ਟ ਹਨ।
10
ਕੰਧ ਦੀ ਬੁਨਿਆਦ ਕੀਮਤੀ ਪੱਥਰਾਂ ਅਤੇ ਰਤਨਾਂ ਨਾਲ ਢੱਕੀ ਹੈ, ਜੋ ਸ਼ਾਨਦਾਰ ਰੰਗਾਂ ਨਾਲ ਚਮਕਦੀ ਹੈ। ਹਰ ਸ਼ਹਿਰ ਦਾ ਦਰਵਾਜ਼ਾ ਇੱਕ ਵੱਡੇ ਮੋਤੀ ਨਾਲ ਬਣਿਆਂ ਹੋਇਆ ਹੈ।
11
ਉਹ ਵੱਡੇ ਮੋਤੀਆਂ ਦੇ ਦਰਵਾਜ਼ੇ ਕਦੀ ਬੰਦ ਨਹੀ ਹੁੰਦੇ। ਚਲੋ ਅੰਦਰ ਜਾਈਏ ਅਤੇ ਚਾਰ-ਚੁਫੇਰੇ ਵੇਖੀਏ … ਕਿੰਨਾ ਖੂਬਸੂਰਤ ਹੈ ! ਸਵਰਗ ਅੰਦਰੋਂ ਹੋਰ ਵੀ ਖੂਬਸੂਰਤ ਹੈ। ਇਹ ਸ਼ਹਿਰ ਸੁੱਧ ਸੋਨੇ ਦਾ ਬਣਿਆਂ ਹੈ, ਇੱਕ ਸਾਫ਼ ਸ਼ੀਸ਼ਾ ਦੀ ਤਰ੍ਹਾਂ ਇੱਥੋ ਤੱਕ ਉਸਦੀਆਂ ਸੜ੍ਹਕਾਂ ਵੀ ਸੋਨੇ ਦੀਆਂ ਬਣੀਆਂ ਹਨ।
12
ਪਰਮੇਸ਼ਵਰ ਦੇ ਰਾਜ਼ ਸਿੰਘਾਸਣ ਤੋ ਇੱਕ ਸੁੰਦਰ ਸਾਫ਼ ਪਾਣੀ ਦੀ ਨਦੀ ਹੈ ਜਿਸ ਤੋ ਜੀਵਨ ਦਾ ਜਲ ਵਹਿੰਦਾ ਹੈ, ਅਤੇ ਉਸਦੇ ਦੂਸਰੇ ਪਾਸੇ ਜਿੰਦਗੀ ਦਾ ਦਰਖਤ ਹੈ ਜੋ ਸਭ ਤੋ ਪਹਿਲਾਂ ਅਦਨ ਦੇ ਬਾਗ ਵਿੱਚ ਪਾਇਆ ਗਿਆ ਸੀ। ਇਹ ਦਰਖਤ ਬੜਾ ਖਾਸ ਹੈ।
13
ਇਹ ਬਾਰਾਂ ਤਰ੍ਹਾਂ ਦੇ ਅਲੱਗ-ਅਲੱਗ ਫਲ ਦਿੰਦਾ ਹੈ, ਇੱਕ ਅਲੱਗ ਤਰ੍ਹਾਂ ਦੇ ਹਰ ਮਹੀਨੇ ਅਤੇ ਉਸ ਜਿੰਗਦੀ ਦੇ ਦਰੱਖਤ ਦੇ ਪੱਤੇ ਕੌਮਾਂ ਦੀ ਚੰਗਿਆਈ ਲਈ ਹਨ।
14
ਸਵਰਗ ਨੂੰ ਰੋਸ਼ਨ.ੀ ਲਈ ਸੂਰਜ਼ ਅਤੇ ਚੰਦਰਮੇ ਦੀ ਲੋੜ ਨਹੀ ਹੈ। ਪਰਮੇਸ਼ਵਰ ਆਪਣੀ ਮਹਿਮਾਂ ਨਾਲ ਅਦਭੁਤ ਪ੍ਰਕਾਸ਼ ਭਰ ਦਿੰਦਾ ਹੈ। ਉਥੇ ਕਦੀ ਵੀ ਰਾਤ ਨਹੀ ਹੁੰਦੀ।
15
ਇੱਥੋ ਤੱਕ ਕਿ ਸਵਰਗ ਦੇ ਜਾਨਵਰ ਵੀ ਅਲੱਗ ਤਰ੍ਹਾਂ ਦੇ ਹਨ। ਉਹ ਸਾਰੇ ਘਰੇਲੂ ਅਤੇ ਮਿਤਰਤਾ ਪੂਰਣ ਹਨ। ਬਘਿਆੜ ਅਤੇ ਲੇਲਾ ਇਕੱਠੇ ਘਾਹ ਚਰਦੇ ਹਨ। ਜਦ ਕਿ ਸ਼ਕਤੀਸ਼ਾਲੀ ਸ਼ੇਰ ਵੀ ਬਲਦ ਦੇ ਵਾਂਗ ਤੂੜੀ ਖਾਂਦਾ ਹੈ ਯਹੋਵਾ ਕਹਿੰਦਾ ਹੈ ਕਿ ਉਹ ਮੇਰੇ ਪਵਿੱਤਰ ਪਰਬਤ ਤੇ ਨਾ ਤਾਂ ਕਿਸੇ ਦਾ ਨੁਕਸਾਨ ਅਤੇ ਨਾਂ ਹੀ ਕਿਸੇ ਨੂੰ ਨਸ਼ਟ ਕਰਨਗੇ।
16
ਜਦ ਅਸੀ ਚਾਰ ਚੁਫੇਰੇ ਵੇਖਦੇ ਹਾਂ, ਅਸੀ ਧਿਆਨ ਕੀਤਾ ਹੈ ਕਿ ਸਵਰਗ ਦੇ ਵਿੱਚੋ ਕੁੱਝ ਚੀਜ਼ਾਂ ਗੁਆਚੀਆਂ ਹਨ। ਗੁੱਸੇ ਵਾਲੇ ਸ਼ਬਦ ਕਦੀ ਨਹੀ ਸੁਣੇ ਗਏ। ਕੋਈ ਵੀ ਲੜਦਾ ਨਹੀ ਅਤੇ ਨਾ ਸਵਾਰਥੀ ਹੈ।
17
ਉਥੇ ਦਰਵਾਜ਼ਿਆਂ ਤੇ ਤਾਲੇ ਨਹੀ ਹਨ, ਕਿਉਕਿ ਸਵਰਗ ਵਿੱਚ ਚੋਰ ਨਹੀ ਹਨ। ਉਥੇ ਨਾ ਹੀ ਝੂਠੇ, ਖੂਨੀ, ਜਾਦੂਗਰ ਅਤੇ ਦੁਸ਼ਟ ਲੋਕ ਹਨ। ਉਥੇ ਸਵਰਗ ਵਿੱਚ ਕਿਸੇ ਵੀ ਤਰ੍ਹਾਂ ਦਾ ਪਾਪ ਨਹੀ ਹੈ।
18